ਮਤਾ ਨੰਬਰ:-64

ਵਿਸ਼ਾ:- ਵਾਰਡ ਨੰ: 18, 19 ਅਤੇ ਵਾਰਡ ਨੰ: 50 ਵਿਖੇ **ਐਮ.ਪੀ. ਲੈਡ ਸਕੀਮ ਗਰਾਂਟ** ਅਧੀਨ ਨਵੀਆਂ ਐਲ.ਈ.ਡੀ. ਸਟਰੀਟ ਲਾਈਟਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਸਬੰਧੀ। ਈ-ਟੈਂਡਰ ਪ੍ਰਵਾਨਗੀ ਹਿੱਤ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਐਸ) ਓ.ਐਂਡ ਐਮ. ਕਿ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਿਭਾਗ ਜਲੰਧਰ ਜੀ ਦੇ ਪੱਤਰ ਨੰ: ਉਪ.ਅ.ਅੰ.ਸ(ਜ)- ਐਮ.ਪੀ.ਲੈਡਜ਼-2023/445 ਮਿਤੀ: 27.02.2023 ਰਾਹੀਂ ਉਪਰੋਕਤ ਲਿਖੇ ਵਾਰਡਾਂ ਵਿੱਚ ਐਮ.ਪੀ.ਲੈਡ ਸਕੀਮ ਅਧੀਨ ਨਵੀਆਂ ਐਲ.ਈ.ਡੀ. ਲਾਈਟਾਂ ਲਗਾਉਣ ਲਈ ਲਿਖਿਆਂ ਸੀ, ਜਿਸ ਉਪਰੰਤ ਮੌਕਾ ਵੇਖਕੇ ਉਪਰੋਕਤ ਵਾਰਡਾਂ ਵਿੱਚ ਨਵੀਆਂ ਐਲ.ਈ.ਡੀ.ਲਾਈਟਾਂ ਲਗਾਉਣ ਲਈ ਹੇਠ ਲਿਖੇ ਵੇਰਵੇ ਅਨੁਸਾਰ ਕੁੱਲ ਰਕਮ ਰੁ: 7 ਲੱਖ ਦੇ ਤਖਮੀਨੇ ਤਿਆਰ ਕਰਕੇ ਕਾਰਜਕਾਰੀ ਇੰਜੀਨੀਅਰ, ਨਗਰ ਨਿਗਮ ਜਲੰਧਰ ਜੀ ਦੇ ਪੱਤਰ ਨੰ: 364/ਸੀ.ਈ./ਐਸ.ਐਲ. ਮਿਤੀ: 14.03.2023 ਰਾਹੀਂ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਿਭਾਗ ਜਲੰਧਰ ਜੀ ਨੂੰ ਭੇਜੇ ਗਏ ਸਨ। ਹੁਣ ਡਿਪਟੀ ਕਮਿਸ਼ਨਰ ਜਲੰਧਰ ਜੀ ਦੇ ਪੱਤਰ ਨੰ: Dy.ESA(J)-MPLADS-MP(LS-17)-J-(111)/2023/ ਰਾਹੀਂ ਉਪਰੋਕਤ ਲਿਖੇਂ ਵੱਖ-ਵੱਖ ਵਾਰਡਾਂ ਵਿੱਚ ਨਵੀਆਂ ਐਲ.ਈ.ਡੀ. ਲਾਈਟਾਂ ਲਗਾਉਣ ਲਈ ਰੁ: 7 ਲੱਖ ਦੀ ਗਰਾਂਟ ਭੇਜੀ ਗਈ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਐਡੀਮਨਿਸਟ੍ਰੇਟਰ ਜੀ ਵੱਲੋਂ ਹੇਠ ਦਰਸ਼ਾਏ ਟੇਬਲ ਅਨੁਸਾਰ ਪ੍ਰਵਾਨਗੀ ਦਿੱਤੀ ਗਈ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਠੇਕੇਦਾਰਾ ਤੋ ਮਿਤੀ 4.7.2023 ਲਈ ਮੰਗੇ ਗਏ, ਕੰਮਾਂ ਦੇ ਟੈਂਡਰਾਂ ਦੀਆਂ ਪ੍ਰਾਪਤ ਹੋਇਆ ਤਕਨੀਕੀ ਬਿਡਾਂ ਨੂੰ ਖੋਲਿਆ ਗਿਆ ਜ਼ੋ ਕਿ ਮਿਆਰ ਪੱਖੋ ਪੂਰੇ ਹੋਣ ਕਾਰਨ ਇਹਨਾ ਕੰਮਾਂ ਦੇ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਪ੍ਰਾਪਤ ਹੋਏ ਟੈਂਰਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | Ward No | Name of works | Tender Calling Amount | Name of Agency | Saving % | Tender Amount | House Reso. | Attempt | No. of Bid Received |
|---|---|---|---|---|---|---|---|---|---|
| 1 | 18 | Providing and Installation of New LED Street Light 30 watt at Moh: Gobind Garh | 2.00 Lac | **M/s Vivek Enterprises** | 27.89 | 144220/- | 26<br>19.5.23 | 2 | 4 |
| 2 | 19 | Providing and Installation of New LED Street Light 60 watt at Moh: Central Town, Riaz Pura | 3.00 Lac | **M/s Vivek Enterprises** | 27.89 | 216330/- | 26<br>19.5.23 | 2 | 4 |
| 3 | 50 | Providing and Installation of New LED Street Light 30 watt and 60 watt at Moh: Pacca Bagh | 2.00 Lac | **M/s Vivek Enterprises** | 27.89 | 144220/- | 26<br>19.5.23 | 2 | 4 |
| 4 | G | Annual Estimate for Supply of Electric material for repair and maintenance of Dr. B.R. Ambedkar Complex and other corporation building for two years. | 11.54 lac | **M/s Vivek Enterprises** | 24.99 | 865615/- | 19<br>24.3.23 | 2 | 4 |

ਇਸ ਕੰਮ ਦੀ ਮਹੱਹਤਾ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਕੰਮ ਕਰਵਾਉਣਾ ਜਰੂਰੀ ਹੈ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5LG1/68 ਮਿਤੀ 25-01-2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 407-ਏ ਉੱਪ-ਧਾਰਾ-1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਵਲੋਂ ਉਕਤ ਅਨੁਸਾਰ ਟੈਂਡਰਾਂ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿਤ ਪੇਸ਼ ਹੈ ਜੀ।ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ।

ਟੈਂਡਰ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਅਭੀਜੀਤ ਕਪਲਿਸ਼, ਆਈ.ਏ.ਐਸ.,
ਐਡਮਿਨਿਸਟ੍ਰੇਟਰ,
ਨਗਰ ਨਿਗਮ ਜਲੰਧਰ
7.8.2023